ਮਿੱਠੇ ਬੱਚੇ:- ਤੁਸੀਂ ਸੱਚੇ - ਸੱਚੇ ਸੱਤ ਬਾਪ ਤੋਂ ਸੱਤ ਕਥਾ ਸੁਣਕੇ ਨਰ ਤੋਂ ਨਾਰਾਇਣ ਬਣਦੇ ਹੋ , ਤੁਹਾਨੂੰ 21 ਜਨਮ ਦੇ ਲਈ ਬੇਹੱਦ ਦੇ ਬਾਪ ਤੋਂ ਵਰਸਾ ਮਿਲ ਜਾਂਦਾ ਹੈ।”

ਪ੍ਰਸ਼ਨ:- ਬਾਪ ਦੀ ਕਿਸ ਆਗਿਆ ਨੂੰ ਪਾਲਣ ਕਰਨ ਵਾਲੇ ਬੱਚੇ ਪਾਰਸਬੁੱਧੀ ਬਣਦੇ ਹਨ?

ਉੱਤਰ:- ਬਾਪ ਦੀ ਆਗਿਆ ਹੈ - ਦੇਹ ਦੇ ਸਭ ਸੰਬੰਧਾਂ ਨੂੰ ਭੁੱਲ ਕੇ ਬਾਪ ਨੂੰ ਅਤੇ ਰਜਾਈ ਨੂੰ ਯਾਦ ਕਰੋ। ਇਹ ਹੀ ਸਦਗਤੀ ਦੇ ਲਈ ਸਤਿਗੁਰੂ ਦੀ ਸ੍ਰੀਮਤ ਹੈ। ਜੋ ਇਸ ਸ੍ਰੀਮਤ ਦੀ ਪਾਲਣਾ ਕਰਦੇ ਮਤਲਬ ਦੇਹੀ - ਅਭਿਮਾਨੀ ਬਣਦੇ ਹਨ। ਉਹ ਹੀ ਪਾਰਸ ਬੁੱਧੀ ਬਣਦੇ ਹਨ।

ਗੀਤ:- ਆਜ ਅੰਧੇਰੇ ਮੇਂ ਹਮ ਇਨਸਾਨ ...

ਓਮ ਸ਼ਾਂਤੀ। ਇਹ ਕਲਯੁਗੀ ਦੁਨੀਆਂ ਹੈ। ਸਭ ਹਨ੍ਹੇਰੇ ਵਿੱਚ ਹਨ, ਇਹ ਹੀ ਭਾਰਤ ਸੋਜਰੇ ਵਿੱਚ ਸੀ। ਜਦੋਂ ਇਹ ਭਾਰਤ ਸਵਰਗ ਸੀ। ਇਹ ਹੀ ਭਾਰਤ ਵਾਸੀ ਜੋ ਆਪਣੇ ਨੂੰ ਹਿੰਦੂ ਕਹਾਉਂਦੇ ਹਨ, ਇਹ ਅਸਲ ਵਿੱਚ ਦੇਵੀ - ਦੇਵਤਾ ਸੀ। ਭਾਰਤਵਾਸੀ ਸਵਰਗਵਾਸੀ ਸਨ। ਜਦੋਂ ਕੋਈ ਧਰਮ ਨਹੀਂ ਸੀ, ਇੱਕ ਹੀ ਧਰਮ ਸੀ। ਸਵਰਗ, ਬੈਕੁੰਠ, ਬਹਿਸ਼ਤ, ਹੈਵਿਨ ਇਹ ਸਭ ਭਾਰਤ ਦੇ ਨਾਮ ਸਨ। ਭਾਰਤ ਪ੍ਰਾਚੀਨ ਪਵਿੱਤਰ ਬਹੁਤ - ਬਹੁਤ ਧਨਵਾਨ ਸੀ। ਹੁਣ ਤਾਂ ਭਾਰਤ ਕੰਗਾਲ ਹੈ ਕਿਉਂਕਿ ਹੁਣ ਕਲਯੁਗ ਹੈ। ਉਹ ਸਤਿਯੁਗ ਸੀ। ਤੁਸੀਂ ਸਭ ਭਾਰਤਵਾਸੀ ਹੋ। ਤੁਸੀ ਜਾਣਦੇ ਹੋ ਅਸੀਂ ਹੁਣ ਹਨੇਰੇ ਵਿੱਚ ਹਾਂ ਜਦੋਂ ਸਵਰਗ ਵਿੱਚ ਸੀ ਤਾਂ ਸੋਜਰੇ ਵਿੱਚ ਸੀ। ਸਵਰਗ ਵਿੱਚ ਰਾਜ ਰਾਜੇਸ਼ਵਰ, ਰਾਜ ਰਾਜੇਸ੍ਰਰੀ ਲੱਛਮੀ - ਨਾਰਾਇਣ ਸੀ। ਉਸ ਨੂੰ ਸੁਖਧਾਮ ਕਿਹਾ ਜਾਂਦਾ ਹੈ। ਨਵੇਂ - ਨਵੇਂ ਆਉਂਦੇ ਹਨ ਤਾਂ ਬਾਪ ਫਿਰ ਸਮਝਾਉਂਦੇ ਹਨ । ਬਾਪ ਤੋਂ ਹੀ ਤੁਹਾਨੂੰ ਸਵਰਗ ਦਾ ਵਰਸਾ ਮਿਲਦਾ ਹੈ, ਜਿਸ ਨੂੰ ਜੀਵਨਮੁਕਤੀ ਕਿਹਾ ਜਾਂਦਾ ਹੈ। ਹੁਣ ਸਭ ਜੀਵਨ ਬੰਧ ਵਿੱਚ ਹਨ। ਖਾਸ ਭਾਰਤ ਆਮ ਦੁਨੀਆਂ, ਰਾਵਣ ਦੀ ਜੇਲ ਸ਼ੋਕ ਵਾਟਿਕਾ ਵਿੱਚ ਹਨ। ਇਵੇਂ ਨਹੀਂ ਕਿ ਰਾਵਣ ਸਿਰਫ ਲੰਕਾ ਵਿੱਚ ਸੀ ਅਤੇ ਰਾਮ ਭਾਰਤ ਵਿੱਚ ਸੀ ਅਤੇ ਉਸ ਨੇ ਆਕੇ ਸੀਤਾ ਚੁਰਾ ਲਈ। ਇਹ ਸਭ ਹੈ ਦੰਤ ਕਥਾਵਾਂ। ਗੀਤਾ ਹੈ ਮੁੱਖ ਸਰਵ ਸ਼ਾਸਤਰ ਸ਼੍ਰੋਮਣੀ ਸ੍ਰੀਮਤ ਮਤਲਬ ਭਗਵਾਨ ਦੀ ਸੁਣਾਈ ਹੋਈ ਗੀਤਾ। ਮਨੁੱਖ ਤਾਂ ਕਿਸੇ ਦੀ ਸਦਗਤੀ ਨਹੀਂ ਕਰ ਸਕਦੇ। ਸਤਿਯੁਗ ਵਿੱਚ ਸੀ ਜੀਵਨ ਮੁਕਤ ਦੇਵੀ - ਦੇਵਤੇ, ਜਿਨ੍ਹਾਂ ਨੇ ਇਹ ਵਰਸਾ ਕਲਯੁਗ ਅੰਤ ਵਿੱਚ ਪਾਇਆ ਸੀ। ਭਾਰਤ ਨੂੰ ਇਹ ਪਤਾ ਨਹੀਂ ਸੀ, ਨਾ ਕਿਸੇ ਸ਼ਾਸ਼ਤਰ ਵਿੱਚ ਹੈ। ਸ਼ਾਸਤਰ ਤਾਂ ਹੈ ਸਭ ਭਗਤੀ ਮਾਰਗ ਦੇ ਲਈ। ਉਹ ਸਭ ਭਗਤੀ ਮਾਰਗ ਦਾ ਗਿਆਨ ਹੈ। ਸਦਗਤੀ ਮਾਰਗ ਦਾ ਗਿਆਨ ਮਨੁੱਖ ਮਾਤਰ ਵਿੱਚ ਹੈ ਨਹੀਂ। ਬਾਪ ਕਹਿੰਦੇ ਹਨ ਕਿ ਮਨੁੱਖ, ਮਨੁੱਖ ਦੇ ਗੁਰੂ ਬਣ ਨਹੀਂ ਸਕਦੇ। ਗੁਰੂ ਕੋਈ ਸਦਗਤੀ ਦੇ ਨਹੀਂ ਸਕਦੇ। ਉਹ ਗੁਰੂ ਕਹਿਣਗੇ ਭਗਤੀ ਕਰੋ, ਦਾਨ ਪੁੰਨ ਕਰੋ। ਭਗਤੀ ਦਵਾਪਰ ਤੋਂ ਚਲੀ ਆ ਰਹੀ ਹੈ। ਸਤਿਯੁਗ ਤ੍ਰੇਤਾ ਵਿੱਚ ਹੈ ਗਿਆਨ ਦੀ ਪ੍ਰਾਲੱਬਧ। ਇੰਝ ਨਹੀਂ ਕਿ ਉੱਥੇ ਇਹ ਗਿਆਨ ਚਲਿਆ ਆਉਂਦਾ ਹੈ। ਇਹ ਜੋ ਵਰਸਾ ਭਾਰਤ ਦਾ ਸੀ, ਇਹ ਬਾਪ ਤੋਂ ਸੰਗਮ ਤੇ ਹੀ ਮਿਲਿਆ ਸੀ। ਜੋ ਫਿਰ ਤੋਂ ਤੁਹਾਨੂੰ ਮਿਲ ਰਿਹਾ ਹੈ। ਭਾਰਤਵਾਸੀ, ਨਰਕਵਾਸੀ ਮਹਾਨ ਦੁੱਖੀ ਬਣ ਜਾਂਦੇ ਹਨ ਤਾਂ ਪੁਕਾਰਦੇ ਹਨ ਹੇ ਪਤਿਤ - ਪਾਵਨ ਦੁੱਖ ਹਰਤਾ ਸੁੱਖ ਹਰਤਾ। ਕਿਸਦਾ? ਸਰਵ ਦਾ। ਕਿਉਂਕਿ ਖ਼ਾਸ ਭਾਰਤ ਦੁਨੀਆਂ ਆਮ ਵਿੱਚ 5 ਵਿਕਾਰ ਹਨ ਹੀ। ਬਾਪ ਹੈ ਪਤਿਤ - ਪਾਵਨ। ਬਾਪ ਕਹਿੰਦੇ ਜਨ ਮੈਂ ਕਲਪ - ਕਲਪ ਵਿੱਚ ਸੰਗਮ ਤੇ ਆਉਂਦਾ ਹਾਂ ਅਤੇ ਸਰਵ ਦਾ ਸਦਗਾਤੀ ਦਾਤਾ ਬਣਦਾ ਹਾਂ। ਅਬਲਾਵਾਂ, ਗਨਿਕਾਵਾਂ ਅਤੇ ਗੁਰੂ ਲੋਕ ਜੋ ਹਨ ਉਨ੍ਹਾਂ ਦਾ ਵੀ ਉਧਾਰ ਮੈਨੂੰ ਕਰਨਾ ਹੈ ਕਿਉਂਕਿ ਇਹ ਤਾਂ ਹੈ ਪਤਿਤ ਦੁਨੀਆਂ। ਪਾਵਨ ਦੁਨੀਆਂ ਸਤਿਯੁਗ ਨੂੰ ਕਿਹਾ ਜਾਂਦਾ ਹੈ। ਭਾਰਤ ਵਿੱਚ ਇਨ੍ਹਾਂ ਲਕਸ਼ਮੀ - ਨਾਰਾਇਣ ਦਾ ਰਾਜ ਸੀ। ਇਹ ਭਾਰਤਵਾਸੀ ਨਹੀਂ ਜਾਣਦੇ ਕਿ ਇਹ ਸਵਰਗ ਦੇ ਮਾਲਿਕ ਸਨ। ਪਤਿਤ ਖੰਡ ਮਾਨਾ ਝੂਠ ਖੰਡ, ਪਾਵਨ ਖੰਡ ਮਾਨਾ ਸੱਚ ਖੰਡ। ਭਾਰਤ ਪਾਵਨ ਸੱਚ ਖੰਡ ਸੀ। ਇਨ੍ਹਾਂ ਲਕਸ਼ਮੀ - ਨਾਰਾਇਣ ਦੀ ਸੂਰਜ ਵੰਸ਼ੀ ਡਾਇਨੇਸਟੀ ਸੀ। ਇਹ ਭਾਰਤ ਹੈ ਅਵਿਨਾਸ਼ੀ ਖੰਡ, ਜੋ ਕਦੀ ਵਿਨਾਸ਼ ਨਹੀਂ ਹੁੰਦਾ। ਜਦੋਂ ਇਨ੍ਹਾਂ ਦਾ ਰਾਜ ਸੀ ਹੋਰ ਕੋਈ ਖੰਡ ਨਹੀਂ ਸੀ। ਉਹ ਸਭ ਬਾਅਦ ਵਿੱਚ ਆਉਂਦੇ ਹਨ। ਸ਼ਾਸਤਰਾਂ ਵਿੱਚ ਸਭ ਤੋਂ ਵੱਡੀ ਭੁੱਲ ਤਾਂ ਇਹ ਹੈ ਕਿ ਜੋ ਕਲਪ ਲੱਖਾਂ ਵਰ੍ਹੇ ਦਾ ਲਿੱਖ ਦਿੱਤਾ ਹੈ। ਬਾਪ ਕਹਿੰਦੇ ਹਨ ਨਾ ਤੇ ਕਲਪ ਲੱਖਾਂ ਵਰ੍ਹਿਆਂ ਦਾ ਹੁੰਦਾ ਹੈ, ਨਾ ਸਤਿਯੁਗ ਲੱਖਾਂ ਵਰ੍ਹਿਆਂ ਦਾ ਹੁੰਦਾ ਹੈ। ਕਲਪ ਦੀ ਉਮਰ 5 ਹਜ਼ਾਰ ਵਰ੍ਹੇ ਹੈ। ਇਹ ਫਿਰ ਕਹਿ ਦਿੰਦੇ ਕਿ ਮਨੁੱਖ 84 ਲੱਖ ਜਨਮ ਲੈਂਦੇ ਹਨ। ਮਨੁੱਖ ਨੂੰ ਕੁੱਤਾ - ਬਿੱਲੀ ਆਦਿ ਬਣਾ ਦਿੱਤਾ ਹੈ। ਪਰ ਉਨ੍ਹਾਂ ਦਾ ਜਨਮ ਵੱਖ ਹੈ। 84 ਲੱਖ ਵਰਾਇਟੀ ਹਨ। ਮਨੁੱਖਾਂ ਦੀ ਵਰਾਇਟੀ ਇੱਕ ਹੈ, ਉਹਨਾਂ ਦੇ ਹੀ 84 ਜਨਮ ਹਨ।

ਬਾਪ ਕਹਿੰਦੇ ਹਨ ਬੱਚੇ ਤੁਸੀਂ ਆਦਿ ਸਨਾਤਨ ਦੇਵੀ ਦੇਵਤਾ ਧਰਮ ਦੇ ਸੀ। ਭਾਰਤਵਾਸੀ ਆਪਣੇ ਧਰਮ ਨੂੰ ਡਰਾਮਾ ਪਲੈਨ ਅਨੁਸਾਰ ਭੁੱਲ ਗਏ ਹਨ। ਕਲਯੁੱਗ ਅੰਤ ਵਿੱਚ ਬਿਲਕੁਲ ਪਤਿਤ ਬਣ ਗਏ ਹੋ। ਫਿਰ ਬਾਪ ਆਕੇ ਸੰਗਮ ਤੇ ਪਾਵਨ ਬਣਾਉਂਦੇ ਹਨ, ਇਸ ਨੂੰ ਕਿਹਾ ਜਾਂਦਾ ਹੈ ਦੁੱਖ ਧਾਮ। ਫਿਰ ਪਾਰ੍ਹ ਸੁੱਖ ਧਾਮ ਵਿੱਚ ਹੋਵੇਗਾ। ਬਾਪ ਕਹਿੰਦੇ ਹਨ - ਹੇ ਬੱਚੋ ਤੁਸੀਂ ਭਾਰਤ ਵਾਸੀ ਹੀ ਸਵਰਗ ਵਾਸੀ ਸੀ। ਫਿਰ ਤੁਸੀਂ 84 ਜਨਮਾਂ ਦੀ ਸੀੜ੍ਹੀ ਉਤਰਦੇ ਹੋ। ਸਤੋ ਤੋਂ ਰਜੋ, ਤਮੋ ਵਿੱਚ ਜਰੂਰ ਆਉਣਾ ਹੈ। ਤੁਸੀਂ ਦੇਵਤਾਵਾਂ ਜਿੰਨੇ ਧਨਵਾਨ ਏਵਰ ਹੈਪੀ, ਏਵਰਹੈਲਥੀ ਕੋਈ ਨਹੀਂ ਹੁੰਦਾ। ਭਾਰਤ ਕਿੰਨਾ ਸਾਹੂਕਾਰ ਸੀ। ਹੀਰੇ ਜਵਾਹਰਾਤ ਤਾਂ ਵੱਡੇ - ਵੱਡੇ ਪੱਥਰਾਂ ਮਿਸਲ ਸਨ,

ਕਿੰਨੇ ਤਾਂ ਟੁੱਟ ਗਏ ਹਨ। ਬਾਪ ਤੁਹਾਨੂੰ ਬੱਚਿਆਂ ਨੂੰ ਸਮ੍ਰਿਤੀ ਦਿਵਾਉਂਦੇ ਹਨ ਕਿ ਤੁਹਾਨੂੰ ਕਿੰਨਾ ਸਾਹੂਕਾਰ ਬਣਾਇਆ ਸੀ। ਤੁਸੀਂ ਸ੍ਰਵਗੁਣ ਸੰਪੰਨ, 16 ਕਲਾ ਸੰਪੂਰਨ ਸੀ। ਯਥਾ ਰਾਜਾ - ਰਾਣੀ... ਇਨ੍ਹਾਂ ਨੂੰ ਭਗਵਾਨ ਭਗਵਤੀ ਵੀ ਕਹਿ ਸਕਦੇ ਹਾਂ। ਪਰ ਬਾਪ ਨੇ ਸਮਝਾਇਆ ਹੈ ਕਿ ਭਗਵਾਨ ਇੱਕ ਹੈ, ਉਹ ਬਾਪ ਹੈ। ਸਿਰਫ਼ ਈਸ਼ਵਰ ਜਾਂ ਪ੍ਰਭੂ ਕਹਿਣ ਨਾਲ ਵੀ ਯਾਦ ਨਹੀਂ ਆਉਂਦਾ ਕਿ ਉਹ ਸਾਰੀਆਂ ਆਤਮਾਵਾਂ ਦਾ ਬਾਪ ਹੈ। ਇਹ ਤਾ ਹੈ ਬੇਹੱਦ ਦਾ ਬਾਪ। ਉਹ ਸਮਝਾਉਂਦੇ ਹਨ ਕਿ ਭਾਰਤਵਾਸੀ ਤੁਸੀਂ ਜਯੰਤੀ ਮਨਾਉਂਦੇ ਹੋ ਪਰ ਅਸਲ ਵਿੱਚ ਬਾਪ ਕਦੋਂ ਆਏ ਸੀ, ਉਹ ਕੋਈ ਵੀ ਨਹੀਂ ਜਾਣਦੇ ਹਨ। ਹੈ ਹੀ ਆਇਰਨ ਏਜ਼ਡ, ਪੱਥਰ ਬੁੱਧੀ। ਪਾਰਸਨਾਥ ਸੀ, ਇਸ ਸਮੇਂ ਪੱਥਰਨਾਥ ਹਨ। ਨਾਥ ਵੀ ਨਹੀਂ ਕਹਾਂਗੇ ਕਿਉਂਕਿ ਰਾਜਾ ਰਾਣੀ ਤੇ ਹੈ ਨਹੀਂ। ਪਹਿਲੇ ਇੱਥੇ ਦੈਵੀ ਰਾਜਸਥਾਨ ਸੀ ਫਿਰ ਆਸੁਰੀ ਰਾਜ ਬਣ ਜਾਂਦਾ ਹੈ। ਇਹ ਖੇਲ੍ਹ ਹੈ। ਇਹ ਹੈ ਬੇਹੱਦ ਦਾ ਡਰਾਮਾ। ਵਰਲ੍ਡ ਦੀ ਹਿਸਟ੍ਰੀ - ਜੋਗ੍ਰਾਫੀ ਆਦਿ ਤੋਂ ਅੰਤ ਤੱਕ ਤੁਸੀਂ ਹੁਣ ਜਾਣਦੇ ਹੋ ਹੋਰ ਕੋਈ ਵੀ ਨਹੀਂ ਜਾਣਦੇ ਭਾਰਤ ਵਿੱਚ ਜਦੋਂ ਦੇਵੀ ਦੇਵਤਾ ਸਨ ਤਾਂ ਸਾਰੀ ਸ੍ਰਿਸ਼ਟੀ ਦੇ ਮਾਲਿਕ ਸਨ ਅਤੇ ਭਾਰਤ ਵਿੱਚ ਹੀ ਸਨ। ਬਾਪ ਭਾਰਤਵਾਸੀਆਂ ਨੂੰ ਸਮ੍ਰਿਤੀ ਦਵਾਉਂਦੇ ਹਨ। ਸਤਿਯੁਗ ਵਿੱਚ ਆਦਿ ਸਨਾਤਨ ਦੇਵੀ ਦੇਵਤਾ, ਇਨ੍ਹਾਂ ਦਾ ਸ੍ਰੇਸ਼ਠ ਧਰਮ, ਸ੍ਰੇਸ਼ਠ ਕਰਮ ਸੀ ਫਿਰ 84 ਜਨਮ ਵਿੱਚ ਉਤਰਨਾ ਪਵੇ। ਇਹ ਬਾਪ ਬੈਠ ਕਹਾਣੀ ਸੁਣਾਉਂਦੇ ਹਨ ਕਿ ਹੁਣ ਤੁਹਾਡੇ ਬਹੁਤ ਜਨਮਾਂ ਦੇ ਅੰਤ ਦਾ ਜਨਮ ਹੈ। ਇੱਕ ਦੀ ਗੱਲ ਨਹੀਂ। ਨਾ ਯੁੱਗ ਦਾ ਮੈਦਾਨ ਆਦਿ ਹੈ। ਭਾਰਤਵਾਸੀ ਇਹ ਵੀ ਭੁੱਲ ਗਏ ਹਨ ਕਿ ਇਨ੍ਹਾਂ ਦਾ (ਲਕਸ਼ਮੀ - ਨਾਰਾਇਣ ਦਾ) ਰਾਜ ਸੀ। ਸਤਿਯੁਗ ਦੀ ਉਮਰ ਲੰਬੀ ਕਰਨ ਨਾਲ ਬਹੁਤ ਦੂਰ ਲੈ ਗਏ ਹਨ।

ਬਾਪ ਸਮਝਾਉਂਦੇ ਹਨ ਕਿ ਮਨੁੱਖਾਂ ਨੂੰ ਭਗਵਾਨ ਨਹੀਂ ਕਹਿ ਸਕਦੇ। ਮਨੁੱਖ, ਮਨੁੱਖ ਦੀ ਸਦਗਤੀ ਨਹੀਂ ਕਰ ਸਕਦੇ। ਕਹਾਵਤ ਹੈ ਕਿ ਸਰਵ ਦਾ ਸਦਗਤੀ ਦਾਤਾ ਪਤਿਤਾਂ ਨੂੰ ਪਾਵਨ ਕਰਤਾ ਇੱਕ ਹੈ। ਇਹ ਹੈ ਝੂਠ ਖੰਡ। ਸੱਚਾ ਬਾਬਾ ਸੱਚ ਖੰਡ ਸਥਾਪਨ ਕਰਨ ਵਾਲਾ ਹੈ। ਭਗਤ ਪੂਜਾ ਕਰਦੇ ਹਨ ਪਰ ਭਗਤੀ ਮਾਰਗ ਵਿੱਚ ਜਿਸਦੀ ਵੀ ਪੂਜਾ ਕਰਦੇ ਆਏ ਹਨ, ਇੱਕ ਦੀ ਵੀ ਬਾਇਓਗ੍ਰਾਫੀ ਨਹੀਂ ਜਾਣਦੇ ਹਨ। ਸ਼ਿਵ ਜਯੰਤੀ ਤਾਂ ਮਨਾਉਂਦੇ ਹਨ। ਬਾਪ ਹੈ ਨਵੀਂ ਦੁਨੀਆਂ ਦਾ ਰਚਿਅਤਾ। ਹੈਵਿਨਲੀ ਗਾਡ ਫ਼ਾਦਰ। ਬੇਹੱਦ ਸੁੱਖ ਦੇਣ ਵਾਲਾ। ਸਤਿਯੁਗ ਵਿੱਚ ਸੁੱਖ ਸੀ। ਉਹ ਕਿਵੇਂ ਅਤੇ ਕਿਸਨੇ ਸਥਾਪਨ ਕੀਤਾ? ਨਰਕਵਾਸੀਆਂ ਨੂੰ ਸਵਰਗਵਾਸੀ ਬਣਾਇਆ। ਭ੍ਰਿਸਟਾਚਾਰੀ ਨੂੰ ਸ੍ਰੇਸ਼ਠਾਚਾਰੀ ਦੇਵਤਾ ਬਣਾਇਆ। ਇਹ ਤਾਂ ਬਾਪ ਦਾ ਹੀ ਕੰਮ ਹੈ। ਤੁਸੀਂ ਬੱਚਿਆਂ ਨੂੰ ਪਾਵਨ ਬਣਾਉਂਦਾ ਹਾਂ। ਤੁਸੀਂ ਸਵਰਗ ਦੇ ਮਾਲਿਕ ਬਣਦੇ ਹੋ। ਫਿਰ ਤੁਹਾਨੂੰ ਪਤਿਤ ਕੌਣ ਬਣਾਉਂਦੇ ਹਨ? ਇਹ ਰਾਵਣ। ਮਨੁੱਖ ਕਹਿ ਦਿੰਦੇ ਹਨ - ਸੁਖ ਦੁਖ ਈਸ਼ਵਰ ਦਿੰਦੇ ਹਨ। ਬਾਪ ਕਹਿੰਦੇ ਹਨ ਮੈਂ ਤਾਂ ਸਭਨੂੰ ਸੁਖ ਦਿੰਦਾ ਹਾਂ। ਅਧਾਕਲਪ ਫਿਰ ਤੁਸੀਂ ਬਾਪ ਦਾ ਸਿਮਰਨ ਨਹੀਂ ਕਰੋਗੇ ਫਿਰ ਜਦੋਂ ਰਾਵਣ ਰਾਜ ਹੁੰਦਾ ਹੈ ਤਾਂ ਸਭ ਦੀ ਪੂਜਾ ਕਰਨ ਲੱਗ ਪੈਂਦੇ ਹਨ। ਇਹ ਤੁਹਾਡਾ ਬਹੁਤ ਜਨਮਾਂ ਦੇ ਅੰਤ ਦਾ ਜਨਮ ਹੈ। ਕਹਿੰਦੇ ਹਨ ਬਾਬਾ ਅਸੀਂ ਕਿੰਨੇਂ ਜਨਮ ਲਏ ਹਨ? ਬਾਪ ਕਹਿੰਦੇ ਬੱਚੇ, ਤੁਸੀਂ ਆਪਣੇ ਜਨਮਾਂ ਨੂੰ ਨਹੀਂ ਜਾਣਦੇ ਹੋ। ਤੁਸੀਂ ਪੂਰੇ 84 ਜਨਮ ਲਏ ਹਨ। ਤੁਸੀਂ 21 ਜਨਮ ਦੇ ਲਈ ਬੇਹੱਦ ਦੇ ਬਾਪ ਤੋਂ ਵਰਸਾ ਲੈਣ ਆਏ ਹੋ ਮਤਲਬ ਸੱਚੇ - ਸੱਚੇ ਸੱਤ ਬਾਬਾ ਤੋਂ ਸੱਤ ਕਥਾ, ਨਰ ਤੋਂ ਨਰਾਇਣ ਬਨਣ ਦਾ ਗਿਆਨ ਸੁਣਦੇ ਹੋ। ਇਹ ਹੈ ਗਿਆਨ, ਉਹ ਹੈ ਭਗਤੀ। ਇਹ ਸਪ੍ਰੀਚੁਅਲ ਨਾਲੇਜ਼ ਸੁਪ੍ਰੀਮ ਰੂਹ ਆਕੇ ਦਿੰਦੇ ਹਨ। ਬੱਚਿਆਂ ਨੂੰ ਦੇਹੀ - ਅਭਿਮਾਨੀ ਬਣਨਾ ਪਵੇ। ਆਪਣੇ ਨੂੰ ਆਤਮਾ ਨਿਸ਼ਚੇ ਕਰ ਮਾਮੇਕਮ ਯਾਦ ਕਰੋ। ਸ਼ਿਵਬਾਬਾ ਤਾਂ ਸਾਰੀਆਂ ਆਤਮਾਵਾਂ ਦਾ ਬਾਪ ਹੈ। ਆਤਮਾਵਾਂ ਸਾਰੀਆਂ ਪਰਮਧਾਮ ਤੋਂ ਪਾਰ੍ਟ ਵਜਾਉਣ ਆਉਂਦੀਆਂ ਹਨ, ਸ਼ਰੀਰ ਵਿੱਚ। ਇਸਨੂੰ ਕਰਮਖੇਤ੍ਰ ਕਿਹਾ ਜਾਂਦਾ ਹੈ। ਬਹੁਤ ਭਾਰੀ ਖੇਡ ਹੈ। ਆਤਮਾ ਵਿੱਚ ਚੰਗੇ ਜਾਂ ਬੁਰੇ ਸੰਸਕਾਰ ਰਹਿੰਦੇ ਹਨ। ਜਿਸ ਅਨੁਸਰ ਹੀ ਮਨੁੱਖ ਨੂੰ ਜਨਮ ਮਿਲਦਾ ਹੈ ਚੰਗਾ ਜਾਂ ਬੁਰਾ। ਇਹ ਜੋ ਪਾਵਨ ਸੀ, ਹੁਣ ਪਤਿਤ ਹੈ, ਤੱਤਵਮ। ਮੈਨੂੰ ਬਾਪ ਨੂੰ ਇਸ ਪਰਾਏ ਰਾਵਣ ਦੀ ਦੁਨੀਆਂ ਵਿੱਚ, ਪਤਿਤ ਸ਼ਰੀਰ ਵਿੱਚ ਆਉਣਾ ਪੈਂਦਾ ਹੈ। ਆਉਣਾ ਵੀ ਉਸ ਵਿੱਚ ਹੈ ਜੋ ਪਹਿਲੇ ਨੰਬਰ ਵਿੱਚ ਜਾਂਦਾ ਹੈ। ਸੂਰਜਵੰਸ਼ੀ ਹੀ ਪੂਰੇ 84 ਜਨਮ ਲੈਂਦੇ ਹਨ। ਇਹ ਹੈ ਬ੍ਰਹਮਾ ਅਤੇ ਬ੍ਰਾਹਮਣ। ਬਾਪ ਸਮਝਾਉਂਦੇ ਹਨ ਰੋਜ਼, ਪਰ ਪੱਥਰਬੁੱਧੀ ਨੂੰ ਪਾਰਸਬੁੱਧੀ ਬਨਾਉਣਾ ਮਾਸੀ ਦਾ ਘਰ ਨਹੀਂ ਹੈ। ਹੇ ਆਤਮਾਓ ਹੁਣ ਦੇਹੀ -ਅਭਿਮਾਨੀ ਬਣੋ, ਹੇ ਆਤਮਾਓ ਇੱਕ ਬਾਪ ਨੂੰ ਯਾਦ ਕਰੋ ਅਤੇ ਰਾਜਾਈ ਨੂੰ ਯਾਦ ਕਰੋ। ਦੇਹ ਦੇ ਸੰਬੰਧਾਂ ਨੂੰ ਛੱਡੋ ਤਾਂ ਪਾਰਸਬੁੱਧੀ ਬਣ ਜਾਵੋਗੇ। ਮਰਨਾ ਤੇ ਸਭਨੂੰ ਹੈ। ਸਭ ਦੀ ਹੁਣ ਵਾਨਪ੍ਰਸਥ ਅਵਸਥਾ ਹੈ। ਇੱਕ ਸਤਿਗੁਰੂ ਬਗੈਰ ਸਭ ਦਾ ਸਦਗਤੀ ਦਾਤਾ ਕੋਈ ਹੋ ਨਹੀਂ ਸਕਦਾ। ਬਾਪ ਕਹਿੰਦੇ ਹਨ ਹੇ ਭਾਰਤਵਾਸੀ ਬੱਚਿਓ ਪਹਿਲਾਂ ਤੁਸੀਂ ਪਾਰਸਬੁੱਧੀ ਸੀ। ਗਾਇਆ ਹੋਇਆ ਹੈ ਕਿ ਆਤਮਾ ਪਰਮਾਤਮਾ ਵੱਖ ਰਹੇ ਬਹੁਕਾਲ… ਤਾਂ ਪਹਿਲਾਂ - ਪਹਿਲਾਂ ਤੁਸੀਂ ਭਾਰਤਵਾਸੀ ਦੇਵੀ - ਦੇਵਤਾ ਧਰਮ ਵਾਲੇ ਆਏ ਹੋ ਹੋਰ ਧਰਮਾਂ ਵਾਲੇ ਪਿੱਛੋਂ ਆਏ ਹਨ ਤਾਂ ਉਨ੍ਹਾਂ ਦੇ ਜਨਮ ਵੀ ਘੱਟ ਹੁੰਦੇਂ ਹਨ। ਸਾਰਾ ਸ੍ਰਿਸ਼ਟੀ ਦਾ ਝਾੜ ਕਿਵੇਂ ਫਿਰਦਾ ਹੈ ਉਹ ਬਾਪ ਬੈਠ ਸਮਝਾਉਂਦੇ ਹਨ। ਜੋ ਧਾਰਨਾ ਕਰ ਸਕਦੇ ਹਨ ਉਨ੍ਹਾਂ ਦੇ ਲਈ ਬਹੁਤ ਸਹਿਜ ਹੈ। ਆਤਮਾ ਧਾਰਨ ਕਰਦੀ ਹੈ। ਪੁੰਨ ਆਤਮਾ ਅਤੇ ਪਾਪ ਆਤਮਾ ਤਾਂ ਆਤਮਾ ਹੀ ਬਣਦੀ ਹੈ। ਤੁਹਾਡਾ ਅੰਤਿਮ 84ਵਾਂ ਜਨਮ ਹੈ। ਤੁਸੀਂ ਵਾਣ ਪ੍ਰਸਥ ਅਵਸਥਾ ਵਿੱਚ ਹੋ। ਵਾਣਪ੍ਰਸਥ ਅਵਸਥਾ ਵਾਲੇ ਗੁਰੂ ਕਰਦੇ ਹਨ - ਮੰਤਰ ਲੈਣ ਦੇ ਲਈ। ਤੁਹਾਨੂੰ ਹੁਣ ਬਾਹਰ ਦਾ ਮਨੁੱਖ ਗੁਰੂ ਕਰਨਾ ਨਹੀਂ ਹੈ। ਤੁਹਾਡਾ ਸਭ ਦਾ ਮੈਂ ਬਾਪ ਟੀਚਰ ਸਤਿਗੁਰੂ ਸਭ ਕੁਝ ਹਾਂ। ਮੈਨੂੰ ਕਹਿੰਦੇ ਹੀ ਹਨ - ਹੇ ਪਤਿਤ - ਪਾਵਨ ਸ਼ਿਵਬਾਬਾ। ਹੁਣ ਸਮ੍ਰਿਤੀ ਆਈ ਹੈ, ਸਾਰੀਆਂ ਆਤਮਾਵਾਂ ਦਾ ਇਹ ਬਾਪ ਹੈ। ਆਤਮਾ ਸਤ ਹੈ, ਚੇਤੰਨ ਹੈ ਕਿਉਂਕਿ ਅਮਰ ਹੈ। ਸਾਰੀਆਂ ਆਤਮਾਵਾਂ ਵਿੱਚ ਪਾਰ੍ਟ ਭਰਿਆ ਹੋਇਆ ਹੈ। ਬਾਪ ਵੀ ਸਤ ਚੇਤੰਨ ਹਨ। ਉਹ ਮਨੁੱਖ ਸ੍ਰਿਸ਼ਟੀ ਦਾ ਬੀਜਰੂਪ ਹੋਣ ਦੇ ਕਾਰਨ ਕਹਿੰਦੇ ਹਨ ਕਿ ਮੈਂ ਸਾਰੇ ਝਾੜ ਦੇ ਆਦਿ - ਮੱਧ - ਅੰਤ ਨੂੰ ਜਾਣਦਾ ਹਾਂ, ਇਸਲਈ ਮੈਨੂੰ ਨਾਲੇਜਫੁਲ ਕਿਹਾ ਜਾਂਦਾ ਹੈ। ਤੁਹਾਨੂੰ ਵੀ ਸਾਰੀ ਨਾਲੇਜ ਹੈ ਕਿ ਬੀਜ ਤੋਂ ਝਾੜ ਕਿਵੇਂ ਨਿਕਲਦਾ ਹੈ। ਝਾੜ ਵਧਣ ਨੂੰ ਤੇ ਟਾਈਮ ਲੱਗਦਾ ਹੈ। ਬਾਪ ਕਹਿੰਦੇ ਹਨ ਕਿ ਮੈਂ ਬੀਜਰੂਪ ਹਾਂ। ਅੰਤ ਵਿੱਚ ਸਾਰਾ ਝਾੜ ਜੜ੍ਹਜੜ੍ਹੀਭੂਤ ਅਵਸਥਾ ਨੂੰ ਪਾਉਂਦਾ ਹੈ। ਹੁਣ ਵੇਖੋ ਦੇਵੀ ਦੇਵਤਾ ਧਰਮ ਦਾ ਫਾਊਂਡੇਸ਼ਨ ਹੈ ਨਹੀਂ। ਪਰਾਏ ਲੋਪ ਹੈ। ਜਦੋਂ ਦੇਵੀ - ਦੇਵਤਾ ਧਰਮ ਗੁੰਮ ਹੋ ਜਾਂਦਾ ਹੈ ਤਾਂ ਬਾਪ ਨੂੰ ਆਉਣਾ ਪਵੇ। ਇੱਕ ਧਰਮ ਦੀ

ਸਥਾਪਨਾ ਕਰ ਬਾਕੀ ਸਭ ਦਾ ਵਿਨਾਸ਼ ਕਰਵਾ ਦਿੰਦਾ ਹੈ। ਪ੍ਰਜਾਪਿਤਾ ਬ੍ਰਹਮਾ ਦਵਾਰਾ ਬਾਪ ਸਥਾਪਨਾ ਕਰਵਾ ਰਹੇ ਹਨ ਆਦਿ ਸਨਾਤਨ ਦੇਵੀ - ਦੇਵਤਾ ਧਰਮ ਦੀ। ਤੁਸੀਂ ਆਏ ਹੋ ਭ੍ਰਿਸ਼ਟਾਚਾਰੀ ਤੋਂ ਸ੍ਰੇਸ਼ਠਾਚਾਰੀ ਦੇਵਤਾ ਬਣਨ। ਇਹ ਡਰਾਮਾ ਬਣਿਆ ਹੋਇਆ ਹੈ, ਇਸ ਦੀ ਐਂਡ ਨਹੀਂ ਹੁੰਦੀ। ਬਾਪ ਆਉਂਦੇ ਹਨ। ਆਤਮਾਵਾਂ ਸਭ ਬ੍ਰਦਰਜ਼ ਹਨ, ਮੂਲਵਤਨ ਵਿੱਚ ਰਹਿਣ ਵਾਲੀਆਂ। ਜੋ ਉਸ ਇੱਕ ਬਾਪ ਨੂੰ ਸਭ ਯਾਦ ਕਰਦੇ ਹਨ। ਦੁਖ ਵਿੱਚ ਸਿਮਰਨ ਸਭ ਕਰਨ… ਰਾਵਣਰਾਜ ਵਿੱਚ ਦੁਖ ਹੈ। ਇੱਥੇ ਸਿਮਰਨ ਕਰਦੇ ਹਨ ਤਾਂ ਬਾਪ ਸਭ ਦਾ ਸਦਗਤੀ ਦਾਤਾ ਇੱਕ ਹੈ। ਉਨ੍ਹਾਂ ਦੀ ਮਹਿਮਾ ਹੈ। ਬਾਪ ਨਾ ਆਵੇ ਤਾਂ ਪਾਵਨ ਕੌਣ ਬਣਾਵੇ। ਕ੍ਰਿਸ਼ਚਨ, ਇਸਲਾਮੀ ਆਦਿ ਜੋ ਵੀ ਮਨੁੱਖ ਹਨ ਇਸ ਸਮੇਂ ਸਭ ਤਮੋਪ੍ਰਧਾਨ ਹਨ। ਸਭਨੂੰ ਪੁਨਰਜਨਮ ਲੈਣਾ ਹੈ। ਹੁਣ ਪੁਨਰਜਨਮ ਮਿਲਦਾ ਹੈ ਨਰਕ ਵਿੱਚ। ਇਵੇਂ ਨਹੀਂ ਕਿ ਸੁਖ ਵਿੱਚ ਚਲੇ ਜਾਂਦੇ ਹਨ। ਜਿਵੇਂ ਹਿੰਦੂ ਧਰਮ ਵਾਲੇ ਕਹਿੰਦੇ ਹਨ ਕਿ ਸਵਰਗਵਾਸੀ ਹੋਇਆ ਤਾਂ ਜਰੂਰ ਨਰਕ ਵਿੱਚ ਸਨ ਨਾ। ਹੁਣ ਸਵਰਗ ਵਿੱਚ ਗਿਆ, ਤੁਹਾਡੇ ਮੂੰਹ ਵਿੱਚ ਗੁਲਾਬ। ਜਦੋਂ ਸਵਰਗਵਾਸੀ ਹੋਇਆ ਤਾਂ ਫਿਰ ਉਸਨੂੰ ਨਰਕ ਦੇ ਆਸੁਰੀ ਵੈਭਵ ਕਿਉਂ ਖਵਾਉਂਦੇ ਹੋ। ਪਿੱਤਰ ਖਵਾਉਂਦੇ ਹਨ ਨਾ। ਬੰਗਾਲ ਵਿੱਚ ਮੱਛਲੀ, ਅੰਡੇ ਆਦਿ ਖਵਾਉਂਦੇ ਹਨ। ਅਰੇ ਉਨ੍ਹਾਂਨੂੰ ਇਹ ਸਭ ਖਵਾਉਣ ਦੀ ਲੋੜ ਕੀ ਹੈ! ਵਾਪਿਸ ਕੋਈ ਜਾ ਨਹੀਂ ਸਕਦਾ। ਜਦੋਂਕਿ ਪਹਿਲੇ ਨੰਬਰ ਵਾਲਿਆਂ ਨੂੰ 84 ਜਨਮ ਲੈਣੇ ਪੈਂਦੇ ਹਨ। ਇਸ ਗਿਆਨ ਵਿੱਚ ਕੋਈ ਤਕਲੀਫ ਨਹੀਂ ਹੈ। ਭਗਤੀਮਾਰਗ ਵਿੱਚ ਕਿੰਨੀ ਮਿਹਨਤ ਹੈ। ਰਾਮ - ਰਾਮ ਜਪਦੇ ਰੋਮਾਂਚ ਖੜ੍ਹੇ ਹੋ ਜਾਂਦੇ ਹਨ। ਇਹ ਸਭ ਹੈ ਭਗਤੀਮਾਰਗ। ਇਹ ਸੂਰਜ ਚੰਦਰਮਾ ਆਦਿ ਰੋਸ਼ਨੀ ਕਰਨ ਵਾਲੇ ਹਨ, ਇਹ ਦੇਵਤਾ ਥੋੜ੍ਹੀ ਨਾ ਹਨ। ਅਸੁਲ ਵਿੱਚ ਗਿਆਨ ਸੂਰਜ਼, ਗਿਆਨ ਚੰਦਰਮਾ ਅਤੇ ਗਿਆਨ ਸਿਤਾਰੇ ਇੱਥੋਂ ਦੀ ਮਹਿਮਾ ਹੈ। ਅੱਛਾ!

ਮਿੱਠੇ- ਮਿੱਠੇ ਸਿਕੀਲੱਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ-ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਦੇ ਲਈ ਮੁੱਖ ਸਾਰ :-

1. ਇਸ ਅੰਤਿਮ ਜਨਮ ਵਿੱਚ ਕੋਈ ਵੀ ਪਾਪ ਕਰਮ (ਵਿਕਰਮ) ਨਹੀਂ ਕਰਨਾ ਹੈ। ਪੁੰਨਯ ਆਤਮਾ ਬਣਨ ਦਾ ਪੂਰਾ - ਪੂਰਾ ਪੁਰਾਸ਼ਰਥ ਕਰਨਾ ਹੈ। ਸੰਪੂਰਨ ਪਾਵਨ ਬਣਨਾ ਹੈ।

2. ਆਪਣੀ ਬੁੱਧੀ ਨੂੰ ਪਾਰਸਬੁੱਧੀ ਬਨਾਉਣ ਦੇ ਲਈ ਦੇਹ ਦੇ ਸਾਰੇ ਸੰਬੰਧਾਂ ਨੂੰ ਭੁੱਲ ਦੇਹੀ - ਅਭਿਮਾਨੀ ਬਣਨ ਦਾ ਅਭਿਆਸ ਕਰਨਾ ਹੈ।

ਵਰਦਾਨ:- ਪੁਰਾਣੇ ਸੰਸਕਾਰਾਂ ਅਤੇ ਵਿਘਨਾਂ ਤੋਂ ਮੁਕਤੀ ਪ੍ਰਾਪਤ ਕਰਨ ਵਾਲੇ ਸਦਾ ਸ਼ਕਤੀ ਸੰਪੰਨ ਭਵ।
ਕਿਸੇ ਵੀ ਤਰ੍ਹਾਂ ਦੇ ਵਿਘਨਾਂ ਤੋਂ, ਕਮਜੋਰੀਆਂ ਤੋਂ ਜਾਂ ਪੁਰਾਣੇ ਸੰਸਕਾਰ ਤੋਂ ਮੁਕਤੀ ਚਾਹੁੰਦੇ ਹੋ ਤਾਂ ਸ਼ਕਤੀ ਧਾਰਨ ਕਰੋ ਮਤਲਬ ਅਲੰਕਾਰੀ ਰੂਪ ਹੋਕੇ ਰਹੋ। ਜੋ ਅਲੰਕਾਰਾਂ ਤੋਂ ਸਦਾ ਸਜੇ ਸਜਾਏ ਰਹਿੰਦੇ ਹਨ ਉਹ ਭਵਿੱਖ ਵਿਚ ਵਿਸ਼ਨੂੰਵੰਸ਼ੀ ਬਣਦੇ ਹਨ ਲੇਕਿਨ ਹੁਣ ਵੈਸ਼ਨਵ ਬਣ ਜਾਂਦੇ ਹਨ। ਉਨ੍ਹਾਂ ਨੂੰ ਕੋਈ ਵੀ ਤਮੋਗੁਣੀ ਸੰਕਲਪ ਅਤੇ ਸੰਸਕਾਰ ਟਚ ਨਹੀਂ ਕਰ ਸਕਦਾ। ਉਹ ਪੁਰਾਣੀ ਦੁਨੀਆ ਅਤੇ ਦੁਨੀਆ ਦੀ ਕੋਈ ਵੀ ਚੀਜ਼ ਅਤੇ ਵਿਅਕਤੀਆਂ ਤੋਂ ਸਹਿਜ ਹੀ ਕਿਨਾਰਾ ਕਰ ਲੈਂਦੇ ਹਨ, ਉਨ੍ਹਾਂ ਨੂੰ ਕਾਰਨੇ, ਅਕਾਰਨੇ ਵੀ ਕੋਈ ਟਚ ਨਹੀਂ ਕਰ ਸਕਦਾ।

ਸਲੋਗਨ:- ਹਰ ਸਮੇਂ ਹਰ ਕਰਮ ਵਿਚ ਬੈਲੈਨਸ ਰੱਖਣਾ ਹੀ ਸਰਵ ਦੀ ਬ੍ਲੈਸਿੰਗ ਪ੍ਰਾਪਤ ਕਰਨ ਦਾ ਸਾਧਨ ਹੈ।

******

ਇਹ ਅਵਿਅਕਤ ਇਸ਼ਾਰੇ - "ਨਿਸ਼ਚੇ ਦੇ ਫਾਉਂਡੇਸ਼ਨ ਨੂੰ ਮਜ਼ਬੂਤ ਕਰ ਸਦਾ ਨਿਰਭੈ ਅਤੇ ਨਿਸ਼ਚਿੰਤ ਰਹੋ"

ਜਿਵੇਂ ਆਪਸ ਵਿੱਚ ਦੋ ਮਿਤ੍ਰ ਹੁੰਦੇ ਹਨ ਤਾਂ ਉਨ੍ਹਾਂ ਦੇ ਵਿਚ ਜੇਕਰ ਉਨ੍ਹਾਂ ਦੀ ਕੋਈ ਗਲਾਨੀ ਕਰਨ ਆਉਂਦਾ ਹੈ ਤਾਂ ਉਹ ਉਸਦੇ ਭਾਵ ਨੂੰ ਬਦਲ ਦਿੰਦੇ ਹਨ। ਜਿੱਥੇ ਨਿਸ਼ਚੇ ਹੁੰਦਾ ਹੈ ਉੱਥੇ ਸ਼ਬਦ ਦਾ ਭਾਵ ਬਦਲ ਸਧਾਰਨ ਗੱਲ ਹੋ ਜਾਂਦੀ ਹੈ। ਤਾਂ ਹਰੇਕ ਦੀ ਵਿਸ਼ੇਸ਼ਤਾ ਨੂੰ ਵੇਖੋ ਤਾਂ ਅਨੇਕ ਹੁੰਦੇ ਵੀ ਇਕ ਵਿਖਾਈ ਦੇਣਗੇ। ਇਕਮਤ ਸੰਗਠਨ ਹੋ ਜਾਵੇਗਾ। ਕੋਈ ਕਿਸ ਦੇ ਗਿਲਾਨੀ ਦੀਆਂ ਗੱਲਾਂ ਸੁਣਾਵੇ ਤਾਂ ਉਸਨੂੰ ਟੋਕਾ ਦੇਣ ਦੀ ਬਜਾਏ ਸੁਨਾਉਣ ਵਾਲੇ ਦਾ ਰੂਪ ਪਰਿਵਰਤਨ ਕਰ ਦਵੋ।